ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-2 ਸਾਖਾ)

**ਹੁਕਮ**

ਸਿੱਖਿਆ ਵਿਭਾਗ (ਸਕੂਲਜ) ਵਿੱਚ ਕੰਮ ਕਰ ਰਹੇ ਮਾਸਟਰ/ ਮਿਸਟ੍ਰੈਸਾਂ ਤੋਂ ਬਤੌਰ ਲੈਕਚਰਾਰ ਪਦ-ਉੱਨਤ ਕਰਨ ਲਈ ਕੇਸ, ਸਕੱਤਰ ਸਿੱਖਿਆ ਵਿਭਾਗ (ਸਕੂਲਜ) ਦੀ ਪ੍ਰਧਾਨਗੀ ਹੇਠ ਹੋਈਆਂ ਵਿਭਾਗੀ ਤਰੱਕੀ ਕਮੇਟੀ ਦੀਆਂ ਮੀਟਿੰਗਾਂ ਮਿਤੀ 13-12-2011 ਤੋਂ 15-12-2011 ਤੀਕ ਵਿਚਾਰੇ ਗਏ । ਇਹਨਾਂ ਮੀਟਿੰਗਾਂ ਵਿੱਚ ਮਾਸਟਰ/ ਮਿਸਟ੍ਰੈਸਾਂ ਦੀਆਂ ਪਿਛਲੇ ਪੰਜ ਸਾਲਾਂ ਦੀਆਂ ਗੁਪਤ ਰਿਪੋਰਟਾਂ ਦੀ ਦਰਜਾਬੰਦੀ ਅਤੇ ਯੋਗਤਾਵਾਂ ਦੇ ਅਧਾਰ ਨੂੰ ਮੱਦੇਨਜ਼ਰ ਰੱਖਿਆ ਗਿਆ । ਵਿਭਾਗੀ ਤਰੱਕੀ ਕਮੇਟੀ ਵੱਲੋਂ ਵਿਚਾਰ ਕਰਨ ਉਪਰੰਤ ਸੀਨੀਆਰਤਾ ਕਮ-ਮੈਰਿਟ ਅਤੇ ਯੋਗਤਾਵਾਂ ਨਤੀਜਿਆਂ ਦੇ ਅਧਾਰ ਤੇ ਜਿਹਨਾਂ ਕ੍ਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਦਾ ਰਿਕਾਰਡ ਠੀਕ ਪਾਇਆ ਗਿਆ, ਉਹਨਾਂ ਨੂੰ ਬਤੌਰ ਲੈਕਚਰਾਰ ਗਰੁੱਪ-ਬੀ (ਸਕੂਲ ਕਾਡਰ) ਵਿੱਚ ਤਨਖਾਹ ਸਕੇਲ 10300-34800+5400 ਗ੍ਰੇਡ ਪੇ ਰੁ. ਵਿੱਚ ਹੇਠ ਲਿਖੀਆਂ ਸ਼ਰਤਾਂ ਤਹਿਤ ਤਤਕਾਲ ਉਹਨਾਂ ਦੇ ਨਾਵਾਂ ਸਾਹਮਣੇ ਦਰਸਾਏ ਸਟੇਸਨਾਂ ਤੇ ਪਦ- ਉੱਨਤੀ ਉਪਰੰਤ ਤੈਨਾਤ ਕੀਤਾ ਜਾਂਦਾ ਹੈ । ਇਹ ਤਰੱਕੀਆਂ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਤੇ ਨਿਰਭਰ ਹੋਣਗੀਆਂ :-

ੳ) ਇਹ ਕਿ ਸਬੰਧਤ ਅਧਿਆਪਕ ਵਿਰੁੱਧ ਕੋਈ ਮੇਜਰ ਸਜਾ ਲਈ ਦੋਸ ਸੂਚੀ ਆਦਿ ਨਾ ਪੈਡਿੰਗ ਹੋਵੇ ।

ਅ) ਕਰਮਚਾਰੀ ਆਪਣੀ ਪਦ-ਉੱਲਤੀ ਦੇ ਹੁਕਮ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-2 ਆਪਣੀ ਮੌਜੂਦਾ ਪੋਸਟਿੰਗ ਵਾਲੀ ਜਗ੍ਹਾ ਤੇ ਰਸਮੀ (ਨੋਸਨਲ) ਹਾਜਰੀ ਰਿਪੋਰਟ ਪੇਸ ਕਰਨਗੇ ।

ੲ) ਕਿਸੇ ਵੀ ਕਰਮਚਾਰੀ ਨੂੰ ਉਪਰੋਕਤ ਹਾਜਰੀ ਰਿਪੋਰਟ ਦੇ ਸਮੇਂ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ । ਜਿਹੜੇ ਕਰਮਚਾਰੀ ਨਿਸਚਿਤ ਮਿਤੀ ਦੇ ਅੰਦਰ-2 ਹਾਜਰੀ ਰਿਪੋਰਟ ਨਹੀਂ ਦੇਣਗੇ, ਉਹਨਾਂ ਨੂੰ ਪ੍ਰਸੋਨਲ ਵਿਭਾਗੀ ਵੱਲੋਂ ਜਰੀ ਹਦਾਇਤਾਂ ਨੂੰ ਜੀ ਐਸ ਆਰ/33, ਕਾਂਸਟੀਚਿਊਸਨ ਐਕਟ-309/94, ਮਿਤੀ 4-5-1994 ਅਧੀਨ ਦੋ ਸਾਲ ਲਈ ਲੈਕਚਰਾਰ ਦੀ ਤਰੱਕੀ ਤੋਂ ਡੀਬਾਰ ਕੀਤਾ ਜਾਵੇਗਾ । ਇਸ ਸਬੰਧੀ ਕ੍ਰਮਚਾਰੀ ਨੂੰ ਕੋਈ ਵੱਖਰਾ ਨੋਟਿਸ/ ਹੁਕਮ ਜਾਰੀ ਨਹੀਂ ਕੀਤਾ ਜਾਵੇਗਾ ।

ਸ) ਕਰਮਚਾਰੀ ਆਪਣੀ ਵਾਰੀ ਤੇ ਮਾਸਟਰ/ ਮਿਸਟ੍ਰੈਸ ਦੀ ਸੀਨੀਆਰਤਾ ਦੇ ਆਧਾਰ ਤੇ ਬਤੌਰ ਮੁੱਖ ਅਧਿਆਪਕ/ ਮੁੱਖ ਅਧਿਆਪਿਕਾ ਤਰੱਕੀ ਦਾ ਕੋਈ ਕਲੇਮ ਨਹੀਂ ਕਰ ਸਕਣਗੇ ।

ਹ) ਕਰਮਚਾਰੀ ਲੈਕਚਰਾਰ ਦੀ ਪਦ- ਉੱਨਤੀ ਲਈ ਵਿਭਾਗ ਵੱਲੋਂ ਨਿਰਧਾਰਤ ਯੋਗਤਾਵਾਂ ਅਤੇ ਹੋਰ ਸਰਤਾਂ ਪੂਰੀਆਂ ਕਰਦੇ ਹੋਣ ।

ਕ) ਜੇਕਰ ਕਿਸੇ ਕਾਰਨ ਮਾਸਟਰ/ ਮਿਸਟ੍ਰੈਸਾਂ ਦੀ ਸੀਨੀਆਰਤਾ ਸੂਚੀ ਵਿੱਚ ਤਰੱਕੀ ਲੈਣ ਤੋਂ ਵਾਂਝੇ ਰਹਿ ਗਏ ਹੋਣ ਤਾਂ ਉਹਨਾਂ ਦੀ ਤਰੱਕੀ ਕਾਰਨ ਸਬੰਧਤ ਨੂੰ ਰਿਵਰਟ ਕਰਨਾ ਪਿਆ ਤਾਂ ਉਹਨਾਂ ਨੂੰ ਬਿਨਾਂ ਕੋਈ ਨੋਟਿਸ ਦਿੱਤੇ ਰਿਵਰਟ ਕੀਤਾ ਜਾਵੇਗਾ ।

ਖ) ਇਹ ਤਰੱਕੀ ਇੱਕ ਸਾਲ ਦੇ ਪ੍ਰੋਬੇਸ਼ਨ ਤੇ ਹੋਵੇਗੀ ।

ਗ) ਉਪਰੋਕਤ ੳ ਤੋਂ ਖ ਤੇ ਦਰਸਾਈਆਂ ਸਰਤਾਂ ਦੇ ਆਧਾਰ ਤੇ ਪਦ-ਉੱਨਤ ਕਰਮਚਾਰੀ ਪੰਜ ਰੁਪਏ ਦੇ ਕੋਰਟ ਪੇਪਰ ਤੇ ਹਲਫੀਆ ਬਿਆਨ ਪਦ-ਉੱਨਤੀ ਉਪਰੰਤ ਹਾਜ਼ਰੀ ਰਿਪੋਰਟ ਦੇ ਨਾਲ ਆਪਣੇ ਸਬੰਧਤ ਕੰਟਰੋਲਿੰਗ ਅਫਸਰ ਨੂੰ ਪੇਸ ਕਰਨਗੇ ।

2. ਜਿਹਨਾਂ ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਦਾ ਰਿਕਾਰਡ ਠੀਕ ਨਹੀਂ ਪਾਇਆ ਗਿਆ ਅਤੇ ਵਿਦਿਅਕ ਯੋਗਤਾ ਪੂਰੀ ਨਹੀਂ ਹੈ, ਉਹਨਾਂ ਕਰਮਚਾਰੀਆਂ ਨੂੰ ਪਦ-ਉੱਨਤੀਆਂ ਲਈ ਯੋਗ ਨਹੀਂ ਪਾਇਆ ਗਿਆ ਹੈ, ਉਸ ਦਾ ਵੇਰਵਾ ਅਨੈਕਸਚਰ-ਏ ਵਿਚ ਦਰਸਾਇਆ ਗਿਆ ਹੈ ।

3. ਪਦ-ਉੱਨਤ ਹੋਏ ਲੈਕਚਰਾਰਾਂ ਦੀ ਆਪਸ ਵਿਚ ਦੀ ਸੀਨੀਆਰਤਾ ( ) ਬਾਅਦ ਵਿਚ ਨਿਰਧਾਰਤ ਕੀਤੀ ਜਾਵੇਗੀ, ਪਰ ਮਾਸਟਰ/ ਮਿਸਟ੍ਰੈਸ ਪੋਸਟ ਤੇ ਨਿਯੁਕਤੀ ਦੀ ਤਾਰੀਖ () ਨੂੰ ਮੁੱਖ ਆਧਾਰ ਮੰਨਿਆ ਜਾਵੇਗਾ, ਲੇਕਿਨ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਦੀ ਲੈਕਚਰਾਰ ਕਾਡਰ ਵਿਚ ਸੀਨੀਆਰਤਾ ਭਾਰਤੀ ਸੰਵਿਧਾਨ ਅਤੇ ਪੰਜਾਬ ਸਰਕਾਰ, ਸੁਪਰੀਮ ਕੋਰਟ ਦੇ ਫੈਸਲਿਆਂ ਦੀਆਂ ਪਾਲਿਸੀ ਹਦਾਇਤਾਂ ਅਨੁਸਾਰ ਨਿਰਧਾਰਮ ਹੋਵੇਗੀ ।

## ਫਾਇਨ ਆਰਟਸ

| ਲੜੀ ਨੰਬਰ | ਕ੍ਰਮਚਾਰੀ ਦਾ ਨਾਮ ਅਤੇ ਮੌਜੂਦਾ ਪੋਸਟਿੰਗ | ਤੈਨਾਤੀ ਦਾ ਸਥਾਨ | ਵਿਸੇਸ਼ ਕਥਨ |
|---|---|---|---|
| 1 | ਜਰਨੈਲ ਸਿੰਘ ਪੰਜਾਬੀ ਸਸਸਸ ਸੇਖਵਾਲ ਲੁਧਿਆਣਾ | ਸਸਸਸ ਹਜਾਰਾ (ਜਲੰਧਰ) | |
| 2 | ਨੀਲੂ ਰਾਣੀ, ਸਸ , ਸਸਸਸ ਨੰਦਪੁਰ ਕੇਸੋ (ਪਟਿਆਲਾ) | ਸਸਸਸ ਕੋਠਾ ਗੁਰੂ (ਮ) (ਜਲੰਧਰ) | |
| 3 | ਮਾਲਾ ਚਾਵਲਾ, ਫਾਈਨ ਆਰਟਸ ਮਿਸਟ੍ਰੇਸ ਸਕਸੰਸਸ ਮਾਲ ਰੋਡ, ਅੰਮ੍ਰਿਤਸਰ | ਸਸਸਸ ਮੁੰ ਸਰਦੂਲਗੜ੍ਹ (ਮਾਨਸਾ) | |
| 4 | ਨਵਨੀਤ ਕੌਰ ਸਸ ,ਸਕੰਸਸਸ ੳ.ਪੀ. ਐਲ ਪਟਿਆਲਾ | ਸਮਾਸਸਸ ਸਿਵਲ ਲਾਇਨ ਪਟਿਆਲਾ | |
| 5 | ਬਲਵਿੰਦਰ ਸਿੰਘ ਪੰਜਾਬੀ ਮਾਸਟਰ ਸਸਸਸ ਤੰਦਾ ਬੱਧਾ (ਫਗਸ) | ਸਸਸਸ ਸੰਮੀਪੁਰ (ਜਲੰਧਰ) | |

ਇਹ ਹੁਕਮ ਤੁਰੰਤ ਲਾਗੂ ਹੋਣਗੇ ।

ਐਸ ਐਸ ਚੰਨੀ

ਮਿਤੀ,ਚੰਡੀਗੜ੍ਹ : 15.05.2012

ਪ੍ਰਮੁੱਖ ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ ।

ਪਿੱ:ਅੰਨੰ: 12 / 52 /2012-5ਸਿ2/4100 ਮਿਤੀ,ਚੰਡੀਗੜ੍ਹ: 15.05.2012

1. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ;),ਪੰਜਾਬ,ਚੰਡੀਗੜ੍ਹ ।
2. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ, ਫਰੀਦਕੋਟ ।
3. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਨੂੰ ਇਹ ਯਕੀਨੀ ਬਨਾਉਣ ਲਈ ਭੇਜਿਆ ਜਾਂਦਾ ਹੈ ਕਿ ਪਦ-ਉੱਨਤ ਹੋਏ ਲੈਕਚਰਾਰਾਂ ਨੂੰ ਹਾਜਰ ਕਰਵਾ ਕੇ ਸ਼ਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਦੀਆਂ ਐਮ.ਏ ਦੀਆਂ ਵਿਦਿਅਕ ਯੋਗਤਾਵਾਂ ਸਬੰਧੀ ਸਰਟੀਫਿਕੇਟ ਸਬੰਧਤ ਯੂਨੀਵਰਸਿਟੀਆਂ ਤੋਂ ਵੈਰੀਫਾਈ ਕਰਵਾਕੇ ਰਿਪੋਰਟਾਂ ਵੀ ਭੇਜੀਆਂ ਜਾਣ ।
4. ਸਬੰਧਤ ਕਰਮਚਾਰੀ ।

ਸਹੀ/-
ਵਧੀਕ ਸਕੱਤਰ ਸਕੂਲ ਸਿੱਖਿਆ